# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/ 12797-98
ਮਿਤੀ, ਚੰਡੀਗੜ੍ਹ 27-07-2012

ਵਿਸ਼ਾ:- ਚੌਥੀ-ਪੰਜਵੀਂ, ਛੇਵੀਂ-ਦਸਵੀਂ ਦੇ ਮਹੀਨਾਵਾਰ ਸਿਲੇਬਸ ਵੰਡ ਵਿੱਚ ਅੰਸ਼ਿਕ ਤਬਦੀਲੀ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸੀ.ਸੀ.ਈ. ਦੇ revised ਮਾਡਲ ਅਨੁਸਾਰ ਚੌਥੀ ਤੋਂ ਅਠੱਵੀਂ ਜਮਾਤ ਦੇ ਵਿਦਿਆਰਥੀਆਂ ਦਾ Summative ਮੁਲਾਂਕਣ ਹੋਣਾ ਹੈ। ਇਸ ਲਈ ਚੌਥੀ ਜਮਾਤ ਦੇ ਮੁੱਖ ਵਿਸ਼ਿਆਂ ਪੰਜਾਬੀ, ਹਿੰਦੀ, ਅੰਗਰੇਜ਼ੀ, ਗਣਿਤ ਅਤੇ ਪੰਜਵੀਂ ਜਮਾਤ ਦੇ ਮੁੱਖ ਵਿਸ਼ਿਆਂ ਪੰਜਾਬੀ, ਗਣਿਤ ਅਤੇ ਵਾਤਾਵਰਨ ਸਿੱਖਿਆ ਵਿੱਚ ਮਹੀਨਾਵਾਰ ਵੰਡ ਵਿੱਚ ਅੰਸ਼ਿਕ ਤਬਦੀਲੀ ਕੀਤੀ ਗਈ ਹੈ। ਇਸੇ ਤਰ੍ਹਾਂ ਛੇਵੀਂ ਤੋਂ ਅਠੱਵੀਂ ਜਮਾਤ ਦੇ ਮੁੱਖ ਵਿਸ਼ਿਆਂ ਹਿੰਦੀ, ਪੰਜਾਬੀ, ਸਮਾਜਿਕ ਸਿੱਖਿਆ, ਵਿਗਿਆਨ, ਅੰਗ੍ਰੇਜ਼ੀ ਦੇ ਸਿਲੇਬਸ ਦੇ ਮਹੀਨਾਵਾਰ ਸਿਲੇਬਸ ਵੰਡ ਵਿੱਚ ਅੰਸ਼ਿਕ ਤਬਦੀਲੀ ਕੀਤੀ ਗਈ ਹੈ। ਵਿਦਿਆਰਥੀਆਂ ਅਤੇ ਅਧਿਆਪਕ ਵਰਗ ਨੂੰ ਜਾਣੂ ਕਰਵਾਉਣ ਲਈ ਇਸ ਨੂੰ ਸਰਵ ਸਿੱਖਿਆ ਅਭਿਆਨ ਅਥਾਰਟੀ ਦੀ ਵੈੱਬਸਾਈਟ ਤੇ ਅੱਪਲੋਡ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਦੀ ਜਾਣਕਾਰੀ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਵੇਲੇ ਸਿਰ ਪਹੁੰਚ ਸਕੇ।

3.0 ਇਸੇ ਤਰ੍ਹਾਂ ਨੌਵੀਂ ਜਮਾਤ ਲਈ ਸਿਰਫ਼ ਗਣਿਤ ਵਿਸ਼ੇ ਦੇ ਪ੍ਰੈਕਟੀਕਲ ਪਾਠਕ੍ਰਮ ਕਰਵਾਉਣ ਬਾਰੇ ਅੰਸ਼ਿਕ ਤਬਦੀਲੀ ਕੀਤੀ ਗਈ ਹੈ।(ਛੇਵੀਂ ਤੋਂ ਅਠੱਵੀਂ ਜਮਾਤ ਦੇ ਗਣਿਤ ਵਿਸ਼ੇ ਦੇ ਮਹੀਨਾਵਾਰ ਸਿਲੇਬਸ ਵੰਡ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।)

4.0 ਇਸ ਨੂੰ ਪਰਮ ਅਗੇਤ ਸਮਝਦਿਆਂ ਹੋਇਆਂ ਸਮੂਹ ਵਿਦਿਆਰਥੀ ਵਰਗ ਅਤੇ ਸਬੰਧਤ ਵਿਸ਼ਾ ਅਧਿਆਪਕਾਂ ਨੂੰ ਨੋਟ ਕਰਵਾਇਆ ਜਾਵੇ।

ਨੱਥੀ : ਅੰਸ਼ਿਕ ਤਬਦੀਲੀ

ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ